# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
## GURU NANAK DEV UNIVERSITY, AMRITSAR
(Established by the State Legislature Act No. 21 of 1969)
Accredited at 'A++' grade level by NAAC and awarded
"University with Potential for Excellence" status by UGC.


No : 9913 /ਕਾਲਜਾਂ
Date : 13/8/2021

ਰਜਿਸਟਰਡ

ਪ੍ਰਿੰਸੀਪਲ,
ਪੰਡਤ ਮੋਹਨ ਲਾਲ ਐਸ.ਡੀ ਕਾਲਜ ਫਾਰ ਵੂਮੈਨ,
ਜ਼ਿਲ੍ਹਾ ਗੁਰਦਾਸਪੁਰ ।

ਮੈਡਮ,

ਸੂਚਿਤ ਕੀਤਾ ਜਾਂਦਾ ਹੈ ਕਿ ਉਪ-ਕੁਲਪਤੀ ਜੀ ਨੇ ਨਿਰੀਖਣ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦੇ ਹੋਏ ਆਪ ਦੇ ਕਾਲਜ ਨੂੰ **ਸੈਸ਼ਨ 2021-22** ਤੋਂ **ਇੰਗਲਿਸ਼ ਵਿਸ਼ੇ ਵਿੱਚ (ਬੀ.ਏ ਆਨਰਜ਼)** ਦੀ ਆਰਜ਼ੀ ਸਬੰਧਿਤਾ ਨਿਰੀਖਣ ਕਮੇਟੀ ਵਲੋਂ ਲਗਾਈਆਂ ਸ਼ਰਤਾਂ ਸਹਿਤ ਪ੍ਰਦਾਨ ਕਰ ਦਿੱਤੀ ਹੈ।

ਆਪ ਨੂੰ ਨਿਰੀਖਣ ਕਮੇਟੀ ਮਿਤੀ **26.07.2021** ਦੀ ਰਿਪੋਰਟ ਦੀ ਕਾਪੀ ਇਸ ਪੱਤਰ ਨਾਲ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਨਿਰੀਖਣ ਕਮੇਟੀ ਵਲੋਂ ਲਗਾਈਆਂ ਸ਼ਰਤਾਂ ਦੀ ਮੁਕੰਮਲ ਪੂਰਤੀ ਸ਼ੀਘਰ ਕਰਕੇ ਦਸਤਾਵੇਜ਼ੀ ਸਬੂਤਾਂ ਸਹਿਤ ਇਸ ਦਫਤਰ ਨੂੰ ਜਾਣੂ ਕਰਵਾਇਆ ਜਾਵੇ।

ਸਿੰਡੀਕੇਟ ਦੀ ਇਕੱਤਰਤਾ ਮਿਤੀ 08.03.2016 ਦੇ ਪੈਰ੍ਹਾ ਨੰ: 3 ਤਹਿਤ ਹੋਏ ਫੈਸਲੇ ਅਨੁਸਾਰ ਨਵੇਂ ਵਿਸ਼ੇ ਲਈ ਨਿਰਧਾਰਿਤ ਐਫੀਲੀਏਸ਼ਨ ਫੀਸ **15,000/- + 18% GST (2700/-) = 17,700/-** ਰੁਪਏ ਦਾ ਬੈਂਕ ਡਰਾਫਟ, ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਨਾਂ ਤੇ ਬਣਵਾ ਕੇ ਨਿਮਨਹਸਤਾਖਰਿਤ ਨੂੰ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਭੇਜਿਆ ਜਾਵੇ, ਜੀ।

ਵਿਸ਼ਵਾਸਪਾਤਰ

ਉਪ-ਰਜਿਸਟਰਾਰ (ਕਾਲਜਾਂ)
ਵਾਸਤੇ ਡੀਨ, ਕਾਲਜ ਵਿਕਾਸ ਕੌਂਸਲ

ਨੱਥੀ : ਉਪਰੋਕਤ ਅਨੁਸਾਰ

16/8/21